ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ ਸਿ) ਅਤੇ (ਐ ਸਿ)

ਮੀਮੋ ਨੰ ਕੋਆਰਡੀਨੇਸ਼ਨ/09/59559-59598
ਮਿਤੀ ਚੰਡੀਗੜ੍ਹ 19 ਅਗਸਤ, 2009

ਵਿਸ਼ਾ ਅਧਿਆਪਕਾਂ ਦੀ ਸਰਵੇ ਵਿੱਚ ਡਿਉਟੀ ਲਗਾਉਣ ਬਾਰੇ ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਰਾਜ ਦੇ ਵੱਖ ਵੱਖ ਜਿਲ੍ਹਿਆਂ ਵਿੱਚ ਡੀ.ਸੀ. ਸਾਹਿਬਾਨ ਵੱਲੋਂ ਅਧਿਆਪਕਾਂ ਦੀ ਡਿਉਟੀ ਵੱਖ ਵੱਖ ਸਰਵੇ ਦੇ ਕੰਮ ਲਈ ਲਗਾਈ ਗਈ ਹੈ ਜਿਸ ਕਰਕੇ ਬਹੁਤ ਸਾਰੇ ਅਧਿਆਪਕ ਸਕੂਲਾਂ ਤੋਂ ਗੈਰ ਹਾਜ਼ਰ ਰਹਿੰਦੇ ਹਨ ਜਿਸ ਕਰਕੇ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਰਿਹਾਂ ਹੈ ।

3.0 ਇਸ ਸਬੰਧ ਵਿੱਚ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਪਿਛਲੇ ਸਮੇ ਹੀ ਭਾਰਤ ਸਰਕਾਰ ਵੱਲੋ ਸਦਨ ਵਿੱਚ ਰਾਈਟ ਟੂ ਐਜੂਕੇਸ਼ਨ ਬਿਲ ਪਾਸ ਹੋ ਗਿਆ ਹੈ ਜਿਸ ਵਿੱਚ ਅਧਿਆਪਕਾਂ ਦੀ ਕਿਸੀ ਨਾਨ ਟੀਚਿੰਗ ਕੰਮ ਲਈ ਡਿਉਟੀ ਲਗਾਉਣ ਦੀ ਮਨਾਹੀ ਹੈ । ਇਸ ਤੋਂ ਇਲਾਵਾ ਮਾਨਯੋਗ ਪੰਜਾਬ ਅਤੇ ਹਰਿਆਨਾ ਹਾਈ ਕੋਰਟ ਵਿੱਚ ਇੱਕ ਜਨ ਹਿੱਤ ਲਿਟੀਗੇਸ਼ਨ ਰਿਟ ਵੀ ਪੈਂਡਿੰਗ ਪਈ ਹੈ ।

4.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪ ਜੀ ਦੇ ਜਿਲ੍ਹੇ ਵਿੱਚ ਜੇਕਰ ਕਿਸੀ ਵੀ ਏਜੰਸੀ ਵੱਲੋਂ ਅਧਿਆਪਕਾਂ ਦੀ ਨਾਨ ਟੀਚਿੰਗ ਕੰਮਾਂ ਲਈ ਡਿਉਟੀ ਲਗਾਈ ਗਈ ਹੈ ਤਾਂ ਅਧਿਆਪਕਾਂ ਨੂੰ ਕਿਸੀ ਵੀ ਸੂਰਤ ਵਿੱਚ ਸਿੱਖਿਆ ਵਿਭਾਗ ਦੀ ਅਗੇਤ ਮੰਨਜੂਰੀ ਤੋ ਬਗੈਰ ਸਕੂਲ ਤੋਂ ਫਾਰਗ ਨਾ ਕੀਤਾ ਜਾਵੇ । ਜੇਕਰ ਕੋਈ ਵੀ ਅਧਿਆਪਕ ਇਹੋ ਜਿਹੀ ਡਿਉਟੀ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਦੀ ਜਿੰਮੇਵਾਰੀ ਆਪ ਜੀ ਦੀ ਹੋਵੇਗੀ । ਇਸ ਤੋਂ ਇਲਾਵਾ ਇਹ ਵੀ ਲਿਖਿਆ ਜਾਂਦਾ ਹੈ ਕਿ ਅਧਿਆਪਕਾਂ ਨੂੰ ਕਿਸੀ ਵੀ ਤਰ੍ਹਾਂ ਦੇ ਹੋਰ ਕੰਮ ਲਈ ਸਕੂਲ ਸਮੇਂ ਵਿੱਚ ਆਪ ਜੀ ਵੱਲੋ ਡੀ- ਨਹੀਂ ਬੁਲਾਇਆ ਜਾਵੇਗਾ । ਇਸ ਨੂੰ ਯਕੀਨੀ ਬਣਾਇਆ ਜਾਵੇ ।

5.0 ਇਸ ਦੇ ਨਾਲ ਹੀ ਇਹ ਵੀ ਲਿਖਿਆ ਜਾਂਦਾ ਹੈ ਕਿ ਜੇਕਰ ਆਪ ਜੀ ਦੇ ਜਿਲ੍ਹੇ ਵਿੱਚ ਡੀ.ਸੀ. ਵੱਲੋ ਅਧਿਆਪਕਾਂ ਦੀ ਕਿਸੀ ਵੀ ਸਰਵੇ ਦੇ ਹੁਕਮ ਕੀਤੇ ਜਾਂਦੇ ਹਨ ਤਾਂ ਉਹਨਾਂ ਹੁਕਮਾਂ ਤੇ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਇਸ ਦਫਤਰ ਨੂੰ ਉਸ ਪੱਤਰ ਦੀ ਇੱਕ ਕਾਪੀ ਵਿਸ਼ੇਸ਼ ਦੂਤ ਰਾਹੀਂ ਭੇਜੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ